ਬੱਚਿਆਂ ਲਈ ਬਾਈਬਲ
ਉਪੱਸਥਿਤ

# ਕੈਦੀ ਦਾਨੀਏਲ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਬਦਲਿਆ ਗਿਆ : Mary-Anne S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਦਾਨੀਏਲ ਅਤੇ ਉਸਦੇ ਤਿੰਨ ਮਿੱਤਰ ਇਸਰਾਏਲ ਵਿੱਚ ਰਹਿੰਦੇ ਸਨ। ਇੱਕ ਦਿਨ ਇੱਕ ਮਹਾਨ ਬਾਦਸ਼ਾਹ ਉਹਨਾਂ ਦੀ ਜਨਮਭੂਮੀ ਤੇ ਆਇਆ ਅਤੇ ਸਾਰੇ ਸੁੰਦਰ ਮਨੁੱਖਾਂ ਨੂੰ ਆਪਣੇ ਦੇਸ਼ ਵਿੱਚ ਲੈ ਗਿਆ। ਬਾਦਸ਼ਾਹ ਦਾ ਨਾਂ ਬਹੁਤ ਵੱਡਾ ਸੀ – ਨਬੂਕਦਨੱਸਰ – ਅਤੇ ਉਹ ਦੂਰ ਦੇਸ਼ ਬੇਬੀਲੋਨ ਵਿੱਚ ਰਹਿੰਦਾ ਸੀਂ।



ਜਵਾਨ ਮਨੁੱਖਾਂ ਨਾਲ ਬੇਬੀਲੋਨ ਵਿੱਚ ਬਹੁਤ ਚੰਗਾ ਵਿਵਹਾਰ ਹੋਇਆ। ਬਾਦਸ਼ਾਹ ਨੇਂ ਸੰਸਾਰ ਦੇ ਸਾਰੇ ਦੇਸ਼ਾਂ ਵਿੱਚੋਂ ਬੁਧੀਮਾਨ ਅਤੇ ਸਭ ਤੋਂ ਚੰਗੇਂ ਜਵਾਨ ਮਨੁੱਖਾਂ ਨੂੰ ਚੁਣਿਆ ਸੀਂ। ਉਸਨੇ ਉਹਨਾਂ ਨੂੰ ਬੇਬੀਲੋਨ ਦੀ ਭਾਸ਼ਾ ਸਿਖਾਉਣ ਦੀ ਯੋਜਨਾ ਬਣਾਈ ਤਾਂ ਜੋ ਉਹ ਉਸਦੇ ਦਾਸ ਬਣ ਸਕਣ ਅਤੇ ਪਾਤਸ਼ਾਹੀ ਨੂੰ ਚਲਾਉਣ ਵਿੱਚ ਉਸਦੀ ਸਹਾਇਤਾ ਕਰਨ।



ਭੋਜਨ ਵੀ ਬਹੁਤ ਵਧੀਆ ਸੀਂ। ਜਵਾਨ ਮਨੁੱਖਾਂ ਨੇ ਉਹ ਖਾਦਾ ਜਿਹੜਾ ਬਾਦਸ਼ਾਹ ਖਾਂਦਾ ਸੀਂ। ਪਰ ਦਾਨੀਏਲ ਅਤੇ ਉਸਦੇ ਦੋਸਤ ਉਹ ਨਹੀਂ ਖਾਣਾ ਚਾਹੁੰਦੇ ਸਨ ਕਿਉਂਕਿ ਉਹ ਝੜਾਵੇ ਦੀਆਂ ਵਸਤੂਆਂ ਸਨ। ਦਾਨੀਏਲ ਨੇਂ ਵਾਈਦਾ ਕੀਤਾ ਕਿ ਉਹ ਪਰਮੇਸ਼ਵਰ ਦੇ ਵਿਰੁੱਧ ਕੁਝ ਨਹੀਂ ਕਰੇਗਾ।



ਇਸਰਾਏਲ ਦੇ ਪਰਮੇਸ਼ਵਰ ਨੇਂ ਉਹਨਾਂ ਨੂੰ ਆਗਿਆ ਦਿੱਤੀ ਕੀ ਮੂਰਤਾਂ ਅਤੇ ਝੂਠੇ ਦੇਵਤਿਆਂ ਨਾਲ ਤੁਹਾਡਾ ਕੁਝ ਵੀ ਲੈਣ ਦੇਣ ਨਾਂ ਹੋਵੇ।



ਦਾਨੀਏਲ ਨੇਂ ਆਪਣੇ ਸਿਖਾਉਣ ਵਾਲੇ ਸਰਦਾਰ ਤੋਂ ਬਾਦਸ਼ਾਹ ਦਾ ਭੋਜਨ ਨਾਂ ਖਾਣ ਦੀ ਇਜਾਜਤ ਮੰਗੀ। ਜੇਕਰ ਬਾਦਸ਼ਾਹ ਨੂੰ ਪਤਾ ਲੱਗਾ, ਤਾਂ ਬਹੁਤ ਗੁੱਸਾ ਹੋਵੇਗਾ। ਪਰ ਪਰਮੇਸ਼ਵਰ ਨੇਂ ਦਾਨੀਏਲ ਨਾਲ ਉਸ ਮਨੁੱਖ ਨੂੰ ਪ੍ਰੇਮਪਾਤਰ ਕੀਤਾ।



ਉਹ ਦਾਨੀਏਲ ਅਤੇ ਉਸਦੇ ਮਿੱਤਰਾਂ ਦੀ ਪਰੀਖਿਆ ਲਈ ਤਿਆਰ ਹੋ ਗਿਆ। ਦਸ ਦਿਨ ਤੱਕ ਉਹ ਸਿਰਫ ਸਾਗਪਾਤ ਖਾਣਗੇ ਅਤੇ ਪਾਣੀ ਹੀ ਪੀਣਗੇ। ਦਸ ਦਿਨਾਂ ਦੇ ਅੰਤ ਵਿੱਚ ਦਾਨੀਏਲ ਅਤੇ ਉਸਦੇ ਮਿੱਤਰ ਦੂਜੇ ਮਨੁੱਖ ਨਾਲੋਂ ਜਿਹੜੇ ਬਾਦਸ਼ਾਹ ਦਾ ਭੋਜਨ ਖਾਂਦੇ ਸੀ ਜਿਆਦਾ ਸਿਹਤਮੰਦ ਦਿਸੇ। ਤਾਂ ਉਹਨਾਂ ਨੂੰ ਲਗਾਤਾਰ ਸਾਗਪਾਤ ਅਤੇ ਪਾਣੀ ਦੀ ਵਰਤੋਂ ਲਈ ਇਜਾਜਤ



ਮਿਲ ਗਈ।

ਉਹਨਾਂ ਮਨੁੱਖਾਂ ਨੇਂ ਪਰਮੇਸ਼ਵਰ ਨੂੰ ਸਨਮਾਨ ਦਿੱਤਾ। ਅਤੇ ਪਰਮੇਸ਼ਵਰ ਨੇਂ ਉਹਨਾਂ ਨੂੰ ਸਨਮਾਨ ਦਿੱਤਾ। ਜੋ ਚੀਜਾਂ ਉਹਨਾਂ ਨੇਂ ਸਿੱਖੀਆਂ ਉਸ ਵਿੱਚ ਪਰਮੇਸ਼ਵਰ ਨੇ ਉਹਨਾਂ ਨੂੰ ਸਮਝ ਅਤੇ ਗੁਣ ਦਿੱਤੇ, ਅਤੇ ਦਾਨੀਏਲ ਨੂੰ ਸਾਰੇ ਸੁਫਨਿਆਂ ਅਤੇ ਕਲਪਨਾਵਾਂ ਨੂੰ ਸਮਝਣ ਦੀ ਬੁੱਧੀ ਸੀਂ।





ਬੇਬੀਲੋਨ ਵਿੱਚ ਤਿੰਨ ਸਾਲਾਂ ਦੀ
ਪਾਠਸ਼ਾਲਾ ਤੋਂ ਬਾਅਦ, ਸਾਰੇ
ਨੌਜਵਾਂਨਾ ਮਨੁੱਖਾਂ ਨੂੰ ਬਾਦਸ਼ਾਹ
ਨਬੂਕਦਨੇਸਰ ਦੇ ਸਾਹਮਣੇ ਪੇਸ਼
ਕੀਤਾ ਗਿਆ। ਉਹਨਾਂ ਸਾਰਿਆਂ
ਵਿੱਚੋ ਉਸਨੇ ਦਾਨੀਏਲ ਅਤੇ
ਉਸਦੇ ਤਿੰਨ ਦੋਸਤਾਂ
ਨੂੰ ਚੁਣਿਆ।



ਇੱਥੋਂ ਤੱਕ, ਬਾਦਸ਼ਾਹ ਨੇਂ ਇਹ ਪਰਗਟ ਕਰ ਦਿੱਤਾ ਕੀ ਉਸਦੀ ਪਾਤਸ਼ਾਹੀ ਦੇ ਸਾਰੇ ਸਿਆਣੇ ਮਨੁੱਖਾਂ ਵਿੱਚੋ ਦਾਨੀਏਲ ਜਿਆਦਾ ਬੁੱਧੀਮਾਨ ਹੈ।

ਇੱਕ ਰਾਤ, ਬਾਦਸ਼ਾਹ ਨੇ ਬੁਰਾ ਸੁਫਨਾ ਵੇਖਿਆ। ਉਸ ਨੇ ਆਪਣੇ ਜਾਦੂਗਰਾਂ, ਜੋਤਿਸ਼ ਵਿਦਵਾਨਾਂ ਅਤੇ ਮਾਂਦਰੀਆਂ ਨੂੰ ਆਪਣੇ ਸਾਹਮਣੇ ਖੜ੍ਹੇ ਹੋਣ ਲਈ ਬੁਲਾਇਆ। ਬਾਦਸ਼ਾਹ ਨੇਂ ਆਖਿਆ, "ਮੈਂ ਇੱਕ ਸੁਫਨਾ ਵੇਖਿਆ ਹੈ, ਅਤੇ ਮੇਰਾ ਆਤਮਾਂ ਉਸ ਸੁਫਨੇ ਨੂੰ ਸਮਝਣ ਦੇ ਲਈ ਘਬਰਾਇਆ ਹੋਇਆ ਹੈ।"



ਬੁੱਧੀਮਾਨ ਮਨੁੱਖਾਂ ਨੇਂ ਉੱਤਰ ਦਿੱਤਾ, “ਹੇ ਬਾਦਸ਼ਾਹ, ਸਦਾ ਤਾਂਈ ਜੀਉਂਦੇ ਰਹੋ! ਆਪਣੇ ਦਾਸਾਂ ਨੂੰ ਸੁਫਨਾਂ ਸੁਣਾਉ, ਅਤੇ ਅਸੀਂ ਉਸਦਾ ਅਰਥ ਦੱਸ ਦੇਵਾਂਗੇ।”



ਬਾਦਸ਼ਾਹ ਨੇਂ ਉੱਤਰ ਦਿੱਤਾ, “ਨਹੀਂ! ਤੁਸੀਂ ਨਿਸ਼ਚਿਤ ਮੈਨੂੰ ਦੱਸੋਗੇ ਕੇ ਮੈ ਕੀ ਸੁਫਨਾਂ ਵੇਖਿਆ ਹੈ ਅਤੇ ਉਸਦਾ ਮਤਲਬ ਕੀ ਹੈ।
ਜੇਕਰ ਤੁਸੀਂ ਨਾਂ ਦੱਸਿਆ,
ਤੁਹਾਡੇ ਟੁਕੜੇ ਕੀਤੇ ਜਾਣਗੇ
ਅਤੇ ਤੁਹਾਡੇ ਘਰ ਸਾੜ
ਦਿੱਤੇ ਜਾਣਗੇ!



ਪਰ ਜੇਕਰ ਤੁਸੀਂ ਮੇਰਾ ਸੁਫਨਾਂ ਅਤੇ ਉਸਦਾ ਅਰਥ ਕੀ ਹੈ ਮੈਨੂੰ ਦੱਸ ਦਿੱਤਾ," ਬਾਦਸ਼ਾਹ ਬੋਲਦਾ ਰਿਹਾ, "ਤਾਂ ਮੇਰੇ ਕੋਲੋਂ ਉਪਹਾਰ ਅਤੇ ਦਾਤਾਂ ਅਤੇ ਵੱਡਾ ਸਨਮਾਨ ਪਾਉਗੇ।" ----------, ਕੋਈ ਵੀ ਬੁੱਧਮਿਾਨ ਮਨੁੱਖ ਬਾਦਸ਼ਾਹ ਨੂੰ ਸੁਫਨੇਂ ਨਾਂ ਦੱਸ ਸਕਿਆ।



ਬਾਦਸ਼ਾਹ ਦੇ ਜੋਤਸ਼ੀਆਂ ਨੇਂ ਬਾਦਸ਼ਾਹ ਨੂੰ ਆਖਿਆ, "ਧਰਤੀ ਤੇ ਅਜਿਹਾ ਕੋਈ ਮਨੁੱਖ ਨਹੀਂ ਜਿਹੜਾ ਉਹ ਦੱਸ ਸਕੇ ਜੋ ਤੁਸੀਂ ਪੁੱਛਦੇ ਹੋ।



ਸਿਰਫ ਦੇਵਤਾ ਹੀ ਕਰ ਸਕਦੇ ਹਨ, ਅਤੇ ਉਹ ਧਰਤੀ ਤੇ ਨਹੀਂ ਰਹਿੰਦੇ।" ਬਾਦਸ਼ਾਹ ਨੂੰ ਬਹੁਤ ਗੁੱਸਾ ਆਇਆ। "ਬੇਬੀਲੋਨ ਦੇ ਸਾਰੇ ਗਿਆਨੀਆਂ ਨੂੰ ਨਾਸ ਕਰੋ!" ਉਸਨੇ ਹੁਕਮ ਦਿੱਤਾ।



ਜਦ ਸੈਨਿਕ ਦਾਨੀਏਲ ਲਈ ਆਏ,
ਉਸਨੇਂ ਅਰਯੋਕ ਨੂੰ ਆਖਿਆ,
ਬਾਦਸ਼ਾਹ ਦੇ ਸਰਦਾਰ,
“ਬਾਦਸ਼ਾਹ ਕਿਉਂ ਸਾਰੇ
ਗਿਆਨੀਆਂ ਨੂੰ ਮਾਰਨ ਜਾ
ਰਿਹਾ ਹੈ?” ਤਦ ਅਰਯੋਕ
ਨੇ ਦਾਨੀਏਲ ਨੂੰ ਜੋ ਕੁਝ
ਹੋਇਆ ਸੀਂ ਸਭ
ਦੱਸ ਦਿੱਤਾ।



ਦਾਨੀਏਲ ਬਾਦਸ਼ਾਹ ਨੂੰ ਮਿਲਣ ਗਿਆ। ਉਸਨੇਂ ਹੋਰ ਵਕਤ ਲਈ ਆਖਿਆ ਤਾਂ ਜੋ ਉਹ ਬਾਦਸ਼ਾਹ ਨੂੰ ਸੁਫਨੇਂ ਦਾ ਮਤਲਬ ਦੱਸ ਸਕੇ।



ਤਦ ਦਾਨੀਏਲ ਆਪਣੇ ਘਰ ਚਲਾ ਗਿਆ, ਅਤੇ ਉਸਨੇ ਸਭ ਕੁਝ ਆਪਣੇ ਦੋਸਤਾਂ ਸ਼ਦਰਕ, ਮੇਸ਼ਕ ਅਤੇ ਅਬੇਦਨਗੋ ਨੂੰ ਦੱਸਿਆ।



ਦਾਨੀਏਲ ਨਾਂ ਤਾ ਸੁਫਨਾਂ ਹੀ ਜਾਣਦਾ ਸੀਂ ਅਤੇ ਨਾ ਹੀ ਉਸਦਾ ਅਰਥ ਜਾਣਦਾ ਸੀਂ। ਪਰ ਉਹ ਉਸਨੂੰ ਜਾਣਦਾ ਸੀਂ ਜਿਹੜਾ ਸਭ ਕੁਝ ਜਾਣਦਾ ਸੀਂ। ਉਹ ਪਰਮੇਸ਼ਵਰ ਸੀਂ। ਤਾਂ ਦਾਨੀਏਲ ਅਤੇ ਉਸਦੇ ਦੋਸਤਾਂ ਨੇ ਪ੍ਰਾਥਨਾਂ ਕੀਤੀ।



ਪਰਮੇਸ਼ਵਰ ਨੇ ਦਾਨੀਏਲ ਨੂੰ ਸੁਫਨਾਂ ਅਤੇ ਉਸਦਾ ਅਰਥ ਵਿਖਾਇਆ। ਦਾਨੀਏਲ ਨੇਂ ਪਰਮੇਸ਼ਵਰ ਦਾ ਧੰਨਵਾਦ ਇਹ ਆਖ ਕੇ ਕੀਤਾ, “ਪਰਮੇਸ਼ਵਰ ਦਾ ਨਾਂ ਸਦਾ ਤੀਕਰ ਮੁਬਾਰਕ ਹੋਵੇ, ਕਿਉਂ ਜੋ ਬੁੱਧ ਅਤੇ ਸ਼ਕਤੀ ਉਸ ਦੀ ਹੈ।”



ਦਾਨੀਏਲ ਛੇਤੀ ਨਾਲ ਬਾਦਸ਼ਾਹ ਦੇ ਕੋਲ ਗਿਆ ਅਤੇ ਉਸਨੂੰ ਆਖਿਆ, “ਆਕਾਸ਼ ਵਿੱਚ ਇੱਕ ਪਰਮੇਸ਼ਵਰ ਹੈ ਜਿਹੜਾ ਭੇਤਾਂ ਦੀਆਂ ਗੱਲਾਂ ਪਰਗਟ ਕਰਦਾ ਹੈ।” ਉਸਨੇ ਬਾਦਸ਼ਾਹ ਨੂੰ ਦੱਸਿਆ ਜੋ ਸੁਫਨਾਂ ਉਸ ਨੇਂ ਵੇਖਿਆ ਅਤੇ ਉਸਦਾ ਅਰਥ ਕੀ ਹੈ।



ਜਦ ਬਾਦਸ਼ਾਹ ਨਬੂਕਦਨੇਸਰ ਨੇਂ ਸੁਫਨਾਂ ਅਤੇ ਉਸਦਾ ਅਰਥ ਸੁਣਿਆ, ਉਹ ਦਾਨੀਏਲ ਦੇ ਸਾਹਮਣੇ ਡਿੱਗ ਪਿਆ ਅਤੇ ਬੋਲਿਆ, "ਨਿਸੰਗ ਤੇਰਾ ਪਰਮੇਸ਼ਵਰ ਦਿਉਤਿਆਂ ਦਾ ਦਿਉਤਾ ਅਤੇ ਰਾਜਿਆਂ ਦਾ ਪ੍ਰਭੂ ਅਤੇ ਭੇਤ ਖੋਲਣ ਵਾਲਾ ਹੈ ਤਾਂ ਜੋ ਤੂੰ ਇਸ ਭੇਤ ਨੂੰ ਖੋਲ ਸਕਿਆ।"



ਤਦ ਬਾਦਸ਼ਾਹ ਨੇ ਦਾਨੀਏਲ ਨੂੰ ਉੱਚਾ ਕੀਤਾ ਅਤੇ ਉਹ ਨੂੰ ਬਹੁਤ ਵੱਡੀਆਂ ਦਾਤਾਂ ਦਿੱਤੀਆਂ। ਉਸ ਨੇਂ ਉਸਨੂੰ ਬੇਬੀਲੋਨ ਦੇ ਸਾਰੇ ਸੂਬੇ ਉੱਤੇ ਹੁਕਮਰਾਨੀ ਦਿੱਤੀ ਅਤੇ ਬੇਬੀਲੋਨ ਦੇ ਸਾਰੇ ਗਿਆਨੀਆਂ ਉੱਤੇ ਸਰਦਾਰ ਠਹਿਰਾਇਆ।



# ਕੈਦੀ ਦਾਨੀਏਲ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਦਾਨੀਏਲ ਦੀ ਕਿਤਾਬ 1-2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16